# ਔਰਤ

(ਤਸਲੀਮਾ ਦੇ ਨਾਂ)

## ਸੀਨ ਇਕ

[ਇਕ ਔਰਤ ਦਰਮਿਆਨ ਵਿਚ ਇਕ ਸਟੂਲ 'ਤੇ ਬੈਠੀ ਹੋਈ ਹੈ। ਦੋ ਲੰਮੀਆਂ ਦਾੜ੍ਹੀਆਂ ਵਾਲੇ ਵਿਅਕਤੀ ਦੋਵਾਂ ਪਾਸਿਓਂ ਉਸ 'ਤੇ ਸਵਾਲ ਜਵਾਬ ਕਰ ਰਹੇ ਹਨ।]

ਇਕ : ਤਾਂ ਤੂੰ ਮੰਨਦੀ ਏਂ ਕਿ ਤੂੰ ਮੁਤਬਰਕ ਕਿਤਾਬ ਦੇ ਵਿਰੁੱਧ ਬੋਲੀ ਏਂ ?

ਦੋ : ਤੂੰ ਇਹ ਵੀ ਕਿਹਾ ਕਿ ਮੁਤਬਰਕ ਕਿਤਾਬ ਦੀ ਸੁਧਾਈ ਹੋਣੀ ਚਾਹੀਦੀ ਏ।

ਔਰਤ : ਮੈਂ ਇਹ ਨਹੀਂ ਕਿਹਾ ਕਿ ਸੁਧਾਈ ਹੋਣੀ ਚਾਹੀਦੀ ਏ।

ਇਕ : ਫੇਰ ਕੀ ਕਿਹਾ

ਔਰਤ : ਇਹੀ ਕਿਹਾ ਕਿ ਉਸ ਵਿਚ ਸਮਾਜ ਦੇ ਪ੍ਰਸੰਗ ਵਿਚ ਜੋ ਕੁਝ ਕਿਹਾ ਗਿਆ ਏ, ਉਹ ਜ਼ਰੂਰੀ ਨਹੀਂ ਕਿ ਅੱਜ ਦੇ ਸਮੇਂ ਵਿਚ ਪ੍ਰਸੰਗਤ ਹੋਵੇ।

ਇਕ : ਯਾਨਿ ਕਿ ਪ੍ਰਸੰਗਤ ਕੀਤਾ ਜਾਏ ?

ਦੋ : ਮਤਲਬ ਕਿ ਸੁਧਾਈ ਕੀਤੀ ਜਾਏ ?

ਔਰਤ : ਤੁਸੀਂ ਵਾਰ-ਵਾਰ ਸੁਧਾਈ ਦਾ ਲਫ਼ਜ਼ ਕਿਉਂ ਵਰਤਦੇ ਹੋ ? ਜੋ ਕੁਝ ਇਨ੍ਹਾਂ ਕਿਤਾਬਾਂ ਵਿਚ ਲਿਖਿਆ ਜਾ ਚੁੱਕਿਆ ਹੈ, ਉਸ ਲਿਖਤ ਦੀ ਸੁਧਾਈ ਨਹੀਂ ਹੋ ਸਕਦੀ।

ਇਕ : ਫਿਰ ਕੀ ਹੋ ਸਕਦਾ ਏ ?

ਔਰਤ : ਇਹ ਵੇਖਿਆ ਜਾ ਸਕਦਾ ਏ...ਘੋਖਿਆ ਜਾ ਸਕਦਾ ਏ ਕਿ ਜੋ ਕੁਝ ਲਿਖਿਆ ਹੈ ਕੀ ਉਸ ਦੀ ਅੱਜ ਦੇ ਸਮੇਂ ਨਾਲ ਪ੍ਰਸੰਗਤ ਹੈ ?

ਦੋ : ਤੈਨੂੰ ਪਤਾ ਹੋਣਾ ਚਾਹੀਦਾ ਏ ਕਿ ਇਲਹਾਮੀ ਸੱਚ ਦੀ ਸਮੇਂ ਉੱਤੇ ਕੋਈ ਨਿਰਭਰਤਾ ਨਹੀਂ ਹੁੰਦੀ। ਉਹ ਹਰ ਸਮੇਂ ਸੱਚ ਹੁੰਦਾ ਏ।

ਔਰਤ : ਕੁਝ ਸਸੱਚ ਹਰ ਸਮੇਂ ਸੱਚ ਹੁੰਦੇ ਨੇ...ਪਰ ਕੁਝ ਸਮਾਜਕ ਸੱਚ ਐਸੇ ਵੀ ਹੁੰਦੇ ਨੇ, ਜੋ ਸਮੇਂ ਦੇ ਨਾਲ ਬਦਲ ਜਾਂਦੇ ਨੇ।

ਇਕ : ਉਹ ਸੱਚ ਹੀ ਕੀ ਜੋ ਸਮੇਂ ਨਾਲ ਬਦਲ ਜਾਏ ?

ਔਰਤ : ਤੁਹਾਡਾ ਕੀ ਮਤਲਬ ਏ ਕਿ ਔਰਤ ਨਾਲ ਉਹੀ ਸਲੂਕ ਕੀਤਾ ਜਾਏ ਜੋ ਮੁਤਬਰਕ ਕਿਤਾਬ ਵਿਚ ਲਿਖਿਆ ਏ ?

ਦੋ : ਹਾਂ, ਸਾਡਾ ਇਹੀ ਮਤਲਬ ਏ।

ਔਰਤ : ਇਹ ਸੱਚ ਏ ਕਿ ਔਰਤ ਨੇ ਬੱਚੇ ਨੂੰ ਜਨਮ ਦੇਣਾ ਏ...ਆਪਣੀ ਛਾਤੀ ਤੋਂ ਉਹਨੂੰ ਦੁੱਧ ਚੁੰਘਾਉਣਾ ਏ, ਇਹ ਸਦੀਵੀ ਸੱਚ ਏ...ਪਰ ਔਰਤ ਮਰਦ ਦੀ ਗ਼ੁਲਾਮ ਏ...ਮਰਦ ਨਾਲੋਂ ਘੱਟ ਸਮਾਜਕ ਦਰਜਾ ਰੱਖਦੀ ਏ, ਉਹ ਸਦੀਵੀ ਸੱਚ ਨਹੀਂ।

ਦੋ : ਕੀ ਔਰਤ ਮਰਦ ਦੀ ਬਰਾਬਰੀ ਕਰ ਸਕਦੀ ਏ ?

ਔਰਤ : ਹਾਂ ਕਰ ਸਕਦੀ ਏ ਤੇ ਇਕ ਔਰਤ ਤੁਹਾਡੇ ਸਾਹਮਣੇ ਬੈਠੀ ਹੋਈ ਏ, ਜੋ ਇਕ ਨਹੀਂ ਦੋ ਮਰਦਾਂ ਦਾ ਮੁਕਾਬਲਾ ਕਰ ਰਹੀ ਏ ਤੇ ਮਰਦ ਵੀ, ਉਹ ਜਿਨ੍ਹਾਂ ਦੀਆਂ ਲੰਮੀਆਂ ਦਾੜ੍ਹੀਆਂ ਨੇ।

ਇਕ : ਇਸ ਨਾਮਕੂਲ ਔਰਤ ਨਾਲ ਬਹਿਸ ਦਾ ਕੀ ਫ਼ਾਇਦਾ ?

ਦੋ : ਇਸ ਦਾ ਸਿਰ ਕਲਮ ਕਰ ਦਿੱਤਾ ਜਾਏ।

ਔਰਤ : ਕਿੰਨੇ ਕੁ ਸਿਰ ਕਲਮ ਕਰੋਗੇ ?

ਇਕ : ਜਿੰਨੇ ਕੁ ਇਸ ਤਰ੍ਹਾਂ ਦੀਆਂ ਬੇਹੂਦ ਗੱਲਾਂ ਕਰਨਗੇ।

ਦੋ : ਇਹ ਸਾਡੀ ਤਵਾਰੀਖ ਏ ਕਿ ਕਾਫਰਾਂ ਦੇ ਸਿਰ ਕੱਟਦੇ ਰਹੇ ਹਾਂ।

ਔਰਤ : ਤੇ ਇਹ ਵੀ ਤਵਾਰੀਖ ਏ ਕਿ ਕਾਫਰ ਹਰ ਸਮੇਂ ਪੈਦਾ ਹੁੰਦੇ ਰਹੇ ਨੇ... ਖੈਰ ਜੋ ਕੁਝ ਤੁਸੀਂ ਕਰਨਾ ਏ ਕਰ ਲਵੋ, ਇਸ ਵਕਤ ਮੈਂ ਜਾ ਰਹੀ ਹਾਂ।

ਇਕ : ਤੂੰ ਨਹੀਂ ਜਾ ਸਕਦੀ।

ਔਰਤ : ਤੁਸੀਂ ਰੋਕੋਗੇ ? ਜ਼ਬਰਦਸਤੀ ਕਰੋਗੇ ? ਇਹ ਜਾਣਦੇ ਹੋਏ ਕਿ ਮੁਤਬਰਕ ਕਿਤਾਬ ਵਿਚ ਇਸ ਨੂੰ ਇਕ ਵੱਡਾ ਗੁਨਾਹ ਕਿਹਾ ਗਿਆ ਏ।

ਇਕ : ਅਸੀਂ ਤਾਂ ਕਿਧਰੇ ਨਹੀਂ ਪੜ੍ਹਿਆ ?

ਔਰਤ : ਇਹ ਤੁਹਾਡੇ ਲੋਕਾਂ ਦੀ ਪੁਰਾਣੀ ਆਦਤ ਏ ਕਿ ਤੁਸੀਂ ਆਪਣੇ ਮਤਲਬ ਦੀ ਗੱਲ ਹੀ ਪੜ੍ਹਦੇ ਹੋ...ਸਮਾਂ ਆ ਗਿਆ ਏ ਕਿ ਤੁਸੀਂ ਆਪਣੀ ਆਦਤ ਬਦਲੋ।

ਦੋ : ਇਹ ਤੂੰ ਸਮਾਂ–ਸਮਾਂ ਕੀ ਕੂਕ ਰਹੀ ਏਂ ?

ਔਰਤ : ਕਿਉਂਕਿ ਅੱਜ ਦਾ ਸਮਾਂ ਮੇਰੇ ਨਾਲ ਏ...ਅੱਜ ਦਾ ਸਮਾਂ ਬਰਾਬਰੀ ਦਾ ਸਮਾਂ ਏ।

ਇਕ : ਤੂੰ ਕੀ ਕਹਿ ਰਹੀ ਏਂ...ਅਜੀਬ ਜਿਹੀਆਂ ਗੱਲਾਂ ਨੇ ?

ਦੋ : ਸਾਨੂੰ ਇਹਦੀ ਕੋਈ ਸਮਝ ਨਹੀਂ ਆ ਰਹੀ।

ਔਰਤ : ਰੱਬ ਤੁਹਾਨੂੰ ਇਹ ਸਮਝਣ ਦੀ ਤੌਫ਼ੀਕ ਦੇਵੇ।

*(ਆਪਣੇ ਸਟੂਲ ਤੋਂ ਉੱਠਦੀ ਹੈ, ਦੋਵਾਂ ਵੱਲ ਵਾਰੀ-ਵਾਰੀ ਦੇਖਦੀ ਹੈ ਤੇ ਫਿਰ ਅੱਗੇ ਤੁਰ ਪੈਂਦੀ ਹੈ। ਉਹ ਦੋਵੇਂ ਵੇਖਦੇ ਹੀ*

*ਰਹਿ ਜਾਂਦੇ ਹਨ ਤੇ ਇਸੇ ਪਲ ਫੇਡ ਆਊਟ ਹੁੰਦਾ ਹੈ।)*

## ਸੀਨ ਦੋ

[ਦੋ ਤਿਲਕਧਾਰੀ ਆਪਸ ਵਿਚ ਗੱਲਬਾਤ ਕਰ ਰਹੇ ਹਨ।]

ਇਕ : ਲੈ ਬਈ ਬੰਧੂ ਉਸ ਔਰਤ ਨੇ ਕਮਾਲ ਕਰ ਦਿੱਤਾ ਏ।

ਦੋ : ਮਲੇਛਾਂ ਨੂੰ ਖਰੀਆਂ-ਖਰੀਆਂ ਸੁਣਾ ਦਿੱਤੀਆਂ ਕਿ ਉਨ੍ਹਾਂ ਦੀ ਮੁਤਬਰਕ ਕਿਤਾਬ ਵਿਚ ਜੋ ਕੁਝ ਲਿਖਿਆ ਏ, ਉਹ ਅੱਜ ਦੇ ਸਮੇਂ ਠੀਕ ਨਹੀਂ।

ਇਕ : ਪਰ ਇਹ ਗੱਲ ਸਾਡੀਆਂ ਪਵਿੱਤਰ ਕਿਤਾਬਾਂ ਬਾਰੇ ਵੀ ਕਹੀ ਜਾ ਸਕਦੀ ਏ।

ਦੋ : ਕਿਹੜੀ ਗੱਲ ?

ਇਕ : ਇਹੋ ਕਿ ਉਨ੍ਹਾਂ ਵਿਚ ਜੋ ਗੱਲਾਂ ਕਹੀਆਂ ਗਈਆਂ ਹਨ, ਉਹ ਅੱਜ ਦੇ ਸਮੇਂ ਨਾਲ ਪਰਸੰਗਤ ਨਹੀਂ।

ਦੋ : ਲੈ ਸਾਡੀਆਂ ਕਿਤਾਬਾਂ ਬਾਰੇ ਕੁਝ ਕਿਸ ਤਰ੍ਹਾਂ ਕਿਹਾ ਜਾ ਸਕਦਾ ਏ ? ਉਹ ਤਾਂ ਸਭ ਤੋਂ ਪੁਰਾਣੀਆਂ ਨੇ, ਉਨ੍ਹਾਂ ਵਿਚ ਲਿਖਿਆ ਸੱਚ ਤਾਂ ਸਦੀਵੀ ਸੱਚ ਏ।

ਇਕ : ਪਰ ਲੋਕ ਕਹਿੰਦੇ ਨੇ ਕਿ ਕੁਝ ਸੱਚਾਈਆਂ ਅੱਜ ਦੀ ਸਾਇੰਸ ਉੱਤੇ ਪੂਰੀਆਂ ਨਹੀਂ ਉਤਰਦੀਆਂ।

ਦੋ : ਉਹ ਲੋਕ ਮੂਰਖ ਨੇ।

ਇਕ : ਲੋਕ ਸਾਨੂੰ ਮੂਲਵਾਦੀ ਕਹਿੰਦੇ ਨੇ।

ਦੋ : ਉਹ ਭਟਕੇ ਹੋਏ ਨੇ...ਇਹ ਉਨ੍ਹਾਂ ਦੀ ਸੋਚਣੀ ਹੈ, ਜਿਸ ਕਰਕੇ ਸੰਸਾਰ ਵਿਚ ਪਾਪ ਵਧ ਗਿਆ ਏ, ਅਸ਼ਲੀਲਤਾ ਵਧ ਗਈ ਏ, ਹੁਣ ਰਾਤੀਂ ਜੋ ਕੁਝ ਟੀ.ਵੀ. 'ਤੇ ਵਿਖਾਇਆ ਜਾ ਰਿਹਾ ਸੀ, ਕੀ ਉਸ ਨੂੰ ਸਭਿਆ ਕਿਹਾ ਜਾ ਸਕਦਾ ਏ ?

ਇਕ : ਪਰ ਤੁਸੀਂ ਵੀ ਉਹ ਸਭ ਕੁਝ ਵੇਖ ਰਹੇ ਸੀ।

ਦੋ : ਕੀ ਵੇਖ ਰਿਹਾ ਸਾਂ ?

ਇਕ : ਜੋ ਕੁਝ ਵਿਖਾਇਆ ਜਾ ਰਿਹਾ ਸੀ, ਜੇ ਮੈਂ ਗਲਤ ਨਾ ਸਮਝਿਆ ਹੋਵੇ, ਉਹਦਾ ਸਵਾਦ ਵੀ ਲੈ ਰਹੇ ਸੀ।

ਦੋ : ਕਾਹਦਾ ਸਵਾਦ ਲੈ ਰਿਹਾ ਸੀ ?

ਇਕ : ਉਸ ਕੁੜੀ ਦੇ ਨਾਚ ਦਾ...ਉਹਦੀਆਂ ਅਦਾਵਾਂ ਦਾ।

ਦੋ : ਕੋਈ ਅੱਖਾਂ ਥੋੜ੍ਹੀ ਬੰਦ ਕਰ ਸਕਦਾ ਏ ?

ਇਕ : ਟੀ.ਵੀ. ਤਾਂ ਬੰਦ ਕਰ ਸਕਦਾ ਸੀ।

ਦੋ : ਬੱਚੇ ਬੰਦ ਕਰਨ ਦਿੰਦੇ ਨੇ ?

ਇਕ : ਯਾਨਿ ਬੱਚੇ ਆਪਣੀ ਮਰਜ਼ੀ ਕਰਦੇ ਨੇ...ਉਨ੍ਹਾਂ ਨੂੰ ਉਹ ਚੰਗਾ ਲਗਦਾ ਏ ਜਿਸ ਨੂੰ ਅਸੀਂ ਅਸ਼ਲੀਲ ਕਹਿੰਦੇ ਹਾਂ।

ਦੋ : ਹਾਂ, ਸਮਾਂ ਬਦਲ ਗਿਆ ਏ।

ਇਕ : ਬਸ ਇਹੋ ਲੋਕ ਕਹਿੰਦੇ ਨੇ, ਇਹੋ ਉਹ ਔਰਤ ਕਹਿੰਦੀ ਏ।

ਦੋ : ਲੋਕ ਬਕਵਾਸ ਕਰਦੇ ਨੇ, ਉਹ ਔਰਤ ਬਕਵਾਸ ਕਰਦੀ ਏ।

ਇਕ : ਫੇਰ ?

ਦੋ : ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਏ ?

*(ਧਮਕੀ ਵਾਲੀ ਮੁਦਰਾ ਵਿਚ ਹੱਥ ਉੱਚਾ ਕਰਦਾ ਹੈ, ਜਦੋਂ ਫੇਰ ਆਊਟ ਹੁੰਦਾ ਹੈ।)*

## ਸੀਨ ਤਿੰਨ

[ਔਰਤ ਬੱਚੇ ਦੇ ਦਰਮਿਆਨ ਬਿਠਾਈ ਹੋਈ ਹੈ। ਉਹਦੇ ਕੱਪੜੇ ਫਟੇ ਹੋਏ ਹਨ। ਵਾਲ ਖੁੱਲ੍ਹੇ ਹਨ। ਇਸ ਤੋਂ ਸਾਫ਼ ਹੈ ਕਿ ਉਹਦੇ ਨਾਲ ਬਦਸਲੂਕੀ ਕੀਤੀ ਗਈ ਹੈ। ਦਾੜ੍ਹੀ ਵਾਲਾ ਤੇ ਤਿਲਕਧਾਰੀ ਗੁੱਸੇ ਅਤੇ ਕ੍ਰੋਧ ਦੀ ਮੁਦਰਾ ਵਿਚ ਖੜ੍ਹੇ ਹਨ।]

ਦਾੜ੍ਹੀ ਵਾਲਾ : ਤੈਨੂੰ ਮੁਆਫ਼ ਕੀਤਾ ਜਾ ਸਕਦਾ ਹੈ, ਜੇ ਤੂੰ ਤੋਬਾ ਕਰ ਲਵੇਂ।

ਤਿਲਕਧਾਰੀ : ਪਸ਼ਚਾਤਾਪ ਕਰ ਲਵੇਂ।

ਔਰਤ : ਕਿਸ ਗੱਲ ਦਾ ?

ਦਾੜ੍ਹੀ ਵਾਲਾ : ਇਹ ਗੱਲ ਕਹਿਣ ਦਾ ਕਿ ਮਜ਼ਹਬੀ ਕਿਤਾਬ ਵਿਚ ਜੋ ਕੁਝ ਲਿਖਿਆ ਹੈ, ਠੀਕ ਨਹੀਂ।

ਤਿਲਕਧਾਰੀ : ਧਾਰਮਿਕ ਪੁਸਤਕ ਵਿਚ ਜੋ ਲਿਖਿਆ ਹੈ, ਉਹ ਸਭ ਕੁਝ ਗ਼ਲਤ ਏ।

ਔਰਤ : ਮੈਂ ਇਹ ਸਭ ਕੁਝ ਨਹੀਂ ਕਿਹਾ ਤੇ ਨਾ ਹੀ ਮੈਂ ਠੀਕ ਜਾਂ ਗ਼ਲਤ ਲਫ਼ਜ਼ਾਂ ਦਾ ਇਸਤੇਮਾਲ ਕੀਤਾ ਹੈ। ਮੈਂ ਸਿਰਫ਼ ਉਨ੍ਹਾਂ ਵਿਚ ਲਿਖੇ ਸਮਾਜਕ ਬਿਆਨਾਂ ਦੀ ਪ੍ਰਸੰਗਤਾਂ ’ਤੇ ਕਿੰਤੂ ਕੀਤਾ ਹੈ। ਵਿਸ਼ੇਸ਼ ਕਰਕੇ ਉਹ ਬਿਆਨ ਜੋ ਔਰਤ ਦੇ ਬਾਰੇ ਦਿੱਤੇ ਗਏ ਹਨ।

ਤਿਲਕਧਾਰੀ : ਕਿਹੜੇ ਬਿਆਨ ?

ਦਾੜ੍ਹੀ ਵਾਲਾ : ਕੈਸੇ ਬਿਆਨ ?

ਔਰਤ : ਔਰਤ ਗੁਨਾਹ ਦਾ ਪੁਤਲਾ ਏ...ਦੁਨੀਆ ਵਿਚ ਜੋ ਦੁੱਖ ਏ ਉਹਦੀ ਜੜ੍ਹ ਔਰਤ ਏ, ਢੋਲ, ਡੰਗਰ, ਕਣਕ ਤੇ ਔਰਤ ਜਿੰਨਾ ਉਨ੍ਹਾਂ ਨੂੰ

ਕੁੱਟਿਆ ਜਾਏ, ਓਨਾ ਹੀ ਠੀਕ ਏ। ਔਰਤ ਮਰਦ ਦੇ ਬਰਾਬਰ ਨਹੀਂ ਹੋ ਸਕਦੀ। ਅੱਜ ਇਹ ਗੱਲਾਂ ਨਹੀਂ ਕਬੂਲ ਕੀਤੀਆਂ ਜਾ ਸਕਦੀਆਂ।

ਦਾੜ੍ਹੀ ਵਾਲਾ : ਤਾਂ ਹੀ ਤਾਂ ਗੁਨਾਹ ਵਧ ਰਿਹਾ ਏ।

ਤਿਲਕਧਾਰੀ : ਪਾਪ ਸਭ ਪਾਸੇ ਫੈਲ ਗਿਆ ਏ।

ਦਾੜ੍ਹੀ ਵਾਲਾ : ਬੇਸ਼ਰਮੀ ਦਾ ਬੋਲਬਾਲਾ ਏ।

ਤਿਲਕਧਾਰੀ : ਅਸ਼ਲੀਲਤਾ ਘਰ-ਘਰ ਪੁੱਜ ਗਈ ਏ।

ਦਾੜ੍ਹੀ ਵਾਲਾ : ਜਬਰ-ਜ਼ਿਨਾਹ ਵਧ ਰਿਹਾ ਏ।

ਤਿਲਕਧਾਰੀ : ਬਲਾਤਕਾਰੀ ਦੀਆਂ ਘਟਨਾਵਾਂ ਥਾਂ-ਥਾਂ ਹੋ ਰਹੀਆਂ ਹਨ।

ਦਾੜ੍ਹੀ ਵਾਲਾ : ਜ਼ੁਰਮ ਵਧ ਰਿਹਾ ਏ।

ਤਿਲਕਧਾਰੀ : ਅਪਰਾਧ ਵਧ ਰਿਹਾ ਏ।

ਔਰਤ : (ਚੀਕ ਕੇ) ਇਹ ਗੁਨਾਹ ਕੌਣ ਕਰਦਾ ਏ ? ਮਰਦ...ਇਹ ਪਾਪ ਕੌਣ ਕਰਦਾ ਏ...ਮਰਦ ? ਬੇਸ਼ਰਮ ਕੌਣ ਏ...ਮਰਦ। ਅਸ਼ਲੀਲ ਕੌਣ ਕਰਦਾ ਏ...ਮਰਦ। ਜ਼ਬਰ ਜਿਨਾਹ ਕੌਣ ਕਰਦਾ ਏ...ਮਰਦ। ਬਲਾਤਕਾਰ ਕੌਣ ਕਰਦਾ ਏ...ਮਰਦ। ਜੁਰਮ ਕੌਣ ਕਰਦਾ ਏ...ਮਰਦ। ਅਪਰਾਧ ਕੌਣ ਕਰਦਾ ਏ...ਮਰਦ।

ਤਿਲਕਧਾਰੀ : ਇਨ੍ਹਾਂ ਬਾਰੇ ਬਹਿਸ ਹੋ ਸਕਦੀ ਏ।

ਦਾੜ੍ਹੀ ਵਾਲਾ : ਜਿਥੋਂ ਤਕ ਮੁਕੱਦਸ ਕਿਤਾਬ ਦਾ ਤੁਅੱਲਕ ਏ, ਉਹਦੇ ਬਾਰੇ ਕੋਈ ਬਹਿਸ ਨਹੀਂ ਹੋ ਸਕਦੀ।

ਔਰਤ : ਫੇਰ ਤੁਸੀਂ ਚਾਹੁੰਦੇ ਕੀ ਹੋ ?

ਦਾੜ੍ਹੀ ਵਾਲਾ : ਤੂੰ ਤੋਬਾ ਕਰ।

ਤਿਲਕਧਾਰੀ : ਤੂੰ ਪਸ਼ਚਾਤਾਪ ਕਰ।

ਔਰਤ : ਜੇ ਨਾ ਕਰਾਂ ?

ਦਾੜ੍ਹੀ ਵਾਲਾ : ਤਾਂ ਤੈਨੂੰ ਜ਼ਮੀਨ ਵਿਚ ਗੱਡ ਦਿੱਤਾ ਜਾਏਗਾ, ਵੱਟੇ ਮਾਰ-ਮਾਰ ਕੇ ਮਾਰ ਦਿੱਤਾ ਜਾਏਗਾ।

ਔਰਤ : ਮਨਜ਼ੂਰ ਏ।

(ਦੋਵੇਂ ਵੱਟੇ ਮਾਰਨ ਦੀ ਮੁਦਰਾ ਵਿਚ ਹਨ, ਜਦੋਂ ਕਿ ਨੌਜਵਾਨ ਅੱਗੇ ਆਉਂਦਾ ਹੈ।)

ਨੌਜਵਾਨ : ਠਹਿਰੋ, ਤੁਹਾਡੇ ਵਿਚੋਂ ਪਹਿਲਾ ਵੱਟਾ ਉਹ ਮਾਰੇ, ਜਿਸ ਨੇ ਜ਼ਿੰਦਗੀ ਵਿਚ ਕੋਈ ਗੁਨਾਹ ਨਹੀਂ ਕੀਤਾ।

*(ਦੋਵੇਂ ਸੋਚ ਵਿਚ ਪੈ ਜਾਂਦੇ ਹਨ।)*

ਦਾੜ੍ਹੀ ਵਾਲਾ : ਤਿਲਕਧਾਰੀ ਜੀ, ਤੁਸੀਂ ਵੱਟਾ ਮਾਰੋ...ਤੁਸੀਂ ਤਾਂ ਕਦੀ ਕੋਈ ਗੁਨਾਹ ਨਹੀਂ ਕੀਤਾ ਸਿਵਾਏ ਇਹਦੇ ਕਿ ਟੀ.ਵੀ. 'ਤੇ ਸਿਰਫ਼ ਚਿੱਤਰਹਾਰ ਵੇਖਿਆ ਏ।

ਤਿਲਕਧਾਰੀ : ਓਏ ਦਾੜ੍ਹੀ ਵਾਲੇ...ਮੇਰੇ ਕੋਲੋਂ ਮੂੰਹ ਨਾ ਖੁੱਲ੍ਹਾ...ਟੀ.ਵੀ. ਤੇ ਵੀ.ਸੀ.ਆਰ. ਘਰ ਤੂੰ ਵੀ ਰੱਖਿਆ ਏ ਤੇ ਜਿਹੜੀਆਂ ਫਿਲਮਾਂ ਤੂੰ ਵੇਖਦਾ ਏਂ, ਉਹ ਮੈਥੋਂ ਭੁੱਲਿਆ ਨਹੀਂ।

ਦਾੜ੍ਹੀ ਵਾਲਾ : ਤੂੰ ਵੀ ਮੇਰੇ ਤੋਂ ਭੁੱਲਿਆ ਨਹੀਂ।

ਤਿਲਕਧਾਰੀ : ਤੂੰ ਵੀ ਮੇਰੇ ਤੋਂ ਭੁੱਲਿਆ ਨਹੀਂ।

*(ਦੋਵੇਂ ਇਕ-ਦੂਜੇ ਵੱਲ ਰੋਹ ਨਾਲ ਘੂਰਦੇ ਹਨ।)*

ਨੌਜਵਾਨ : ਤੁਹਾਡੇ ਵਿਚੋਂ ਕੋਈ ਵੱਟਾ ਨਹੀਂ ਮਾਰ ਸਕਦਾ...ਤੁਸੀਂ ਸਮੇਂ ਦੀ ਹਰ ਸਹੂਲਤ ਨੂੰ ਸਵੀਕਾਰ ਕਰਦੇ ਹੋ, ਪਰ ਸਮੇਂ ਦੇ ਸੱਚ ਨੂੰ ਮੰਨਣ ਤੋਂ ਇਨਕਾਰੀ ਹੋ...ਸਮੇਂ ਦਾ ਸੱਚ ਧਰਮਾਂ ਅਤੇ ਮਜ਼ਹਬਾਂ ਵਿਚ ਕੈਦ ਨਹੀਂ ਕੀਤਾ ਜਾ ਸਕਦਾ। ਇਹੀ ਸਭ ਤੋਂ ਵੱਡੀ ਸੱਚਾਈ ਹੈ...ਇਹ ਸਦੀਵੀ ਸੱਚਾਈ ਹੈ।

*(ਔਰਤ ਕੋਲ ਜਾ ਕੇ ਉਸ ਨੂੰ ਉਠਾਉਂਦਾ ਹੈ। ਦੋਵੇਂ ਹੱਥ ਨਾਲ ਹੱਥ ਮਿਲਾ ਕੇ ਬਾਂਹ ਉੱਚੀ ਕਰਦੇ ਹਨ। ਉਨ੍ਹਾਂ ਦੀ ਇਸ ਜਿੱਤ ਦੀ ਮੁਦਰਾ ਵਿਚ ਹੀ ਨਾਟਕ ਸਮਾਪਤ ਹੁੰਦਾ ਹੈ।)*

*ਸਮਾਪਤ*